IJRAR.ORG E-ISSN: 2348-1269, P-ISSN: 2349-5138

INTERNATIONAL JOURNAL OF RESEARCH AND ANALYTICAL REVIEWS (IJRAR) | IJRAR.ORG

An International Open Access, Peer-reviewed, Refereed Journal

# ਸੁਰਜੀਤ ਪਾਤਰ ਦੀ ਗ਼ਜ਼ਲਕਾਰੀ: 'ਸੁਰਜ਼ਮੀਨ' ਦੇ ਸੰਦਰਭ ਵਿੱਚ ਵਿਚਾਰਾਤਮਕ ਅਤੇ ਰੂਪਾਤਮਕ ਅਧਿਐਨ

**ਨਵਜੋਤ ਸਿੰਘ**
**ਖੋਜਾਰਥੀ**
**ਸੁਪਰਵਾਈਜ਼ਰ**
**ਡਾ. ਗੁਰਵਿੰਦਰ ਕੌਰ**
**ਪੰਜਾਬੀ ਵਿਭਾਗ**
**ਦੇਸ਼ ਭਗਤ ਯੂਨਿਵਰਸੀਟੀ,ਮੰਡੀ ਗੋਬਿੰਦਗੜ੍ਹ,ਪੰਜਾਬ**

**ਸਾਰ/Abstract :**

**ਇਸ ਖੋਜ ਪੱਤਰ ਵਿੱਚ ਆਧੁਨਿਕ ਪੰਜਾਬੀ ਗ਼ਜ਼ਲ ਦੇ ਪ੍ਰਮੁੱਖ ਰਚਨਾਕਾਰ ਸੁਰਜੀਤ ਪਾਤਰ ਦੇ ਮਹੱਤਵਪੂਰਨ ਗ਼ਜ਼ਲ-ਸੰਗ੍ਰਹਿ 'ਸੁਰਜ਼ਮੀਨ' ਦੇ ਆਧਾਰ 'ਤੇ ਉਨ੍ਹਾਂ ਦੀ ਗ਼ਜ਼ਲਕਾਰੀ ਦੇ ਵਿਚਾਰਧਾਰਕ ਅਤੇ ਰੂਪਾਤਮਕ ਪੱਖਾਂ ਦਾ ਵਿਸਤ੍ਰਿਤ ਅਧਿਐਨ ਕੀਤਾ ਗਿਆ ਹੈ। ਅਧਿਐਨ ਦਾ ਕੇਂਦਰ ਗ਼ਜ਼ਲ ਦੇ ਅੰਦਰ ਪ੍ਰਗਟ ਹੋਣ ਵਾਲੀ ਮਨੁੱਖੀ ਸੰਵੇਦਨਾ, ਰੋਮਾਂਸਵਾਦੀ ਰੁਝਾਨ, ਪ੍ਰਗਤੀਵਾਦੀ ਦ੍ਰਿਸ਼ਟੀਕੋਣ, ਸਮਾਜਿਕ ਯਥਾਰਥ ਅਤੇ ਆਧੁਨਿਕ ਵਿਸ਼ਵੀਕਰਨ ਦੇ ਪ੍ਰਭਾਵਾਂ ਦੀ ਪਰਖ ਕਰਨਾ ਹੈ। ਇਸ ਦੇ ਨਾਲ-ਨਾਲ ਗ਼ਜ਼ਲ ਦੀ ਰਚਨਾਤਮਕ ਬਣਤਰ ਦੇ ਤੱਤਾਂ—ਜਿਵੇਂ ਕਿ ਅਰੂਜ਼, ਬਹਿਰ, ਕਾਫ਼ੀਆ, ਰਦੀਫ਼ ਅਤੇ ਭਾਸ਼ਾਈ ਅਭਿਵਿਅਕਤੀ ਦਾ ਵੀ ਵਿਸ਼ਲੇਸ਼ਣਾਤਮਕ ਅਧਿਐਨ ਕੀਤਾ ਗਿਆ ਹੈ। ਇਸ ਅਧਿਐਨ ਤੋਂ ਇਹ ਨਤੀਜਾ ਨਿਕਲਦਾ ਹੈ ਕਿ 'ਸੁਰਜ਼ਮੀਨ' ਸਿਰਫ਼ ਰੋਮਾਂਟਿਕ ਗ਼ਜ਼ਲਾਂ ਦਾ ਸੰਗ੍ਰਹਿ ਨਹੀਂ, ਸਗੋਂ ਸਮਕਾਲੀ ਮਨੁੱਖੀ ਜੀਵਨ, ਸਮਾਜਿਕ ਚੇਤਨਾ ਅਤੇ ਆਧੁਨਿਕ ਯਥਾਰਥ ਨੂੰ ਕਲਾਤਮਕ ਅੰਦਾਜ਼ ਵਿੱਚ ਪ੍ਰਗਟ ਕਰਨ ਵਾਲਾ ਮਹੱਤਵਪੂਰਨ ਸਾਹਿਤਿਕ ਦਸਤਾਵੇਜ਼ ਹੈ। ਸੁਰਜੀਤ ਪਾਤਰ ਦੀ ਗ਼ਜ਼ਲਕਾਰੀ ਵਿੱਚ ਰੂਪ ਅਤੇ ਵਿਚਾਰ ਦਾ ਸੁੰਦਰ ਸੰਗਮ ਦਿਖਾਈ ਦਿੰਦਾ ਹੈ, ਜੋ ਆਧੁਨਿਕ ਪੰਜਾਬੀ ਗ਼ਜ਼ਲ ਨੂੰ ਨਵੀਂ ਦਿਸ਼ਾ ਅਤੇ ਵਿਸ਼ਾਲਤਾ ਪ੍ਰਦਾਨ ਕਰਦਾ ਹੈ।**

**ਮੁੱਖ-ਸ਼ਬਦ**

ਸੁਰਜੀਤ ਪਾਤਰ,ਸੁਰਜ਼ਮੀਨ,ਮਨੁੱਖੀ ਸੰਵੇਦਨਾ,ਰੋਮਾਂਸਵਾਦੀ ਰੁਝਾਨ,ਪ੍ਰਗਤੀਵਾਦੀ ਵਿਚਾਰਧਾਰਾ,ਸਮਾਜਿਕ ਯਥਾਰਥ, ਵਿਚਾਰਧਾਰਕ ਵਿਸ਼ਲੇਸ਼ਣ, ਰੂਪਾਤਮਕ ਪ੍ਰਬੰਧ, ਮਨੁੱਖਤਾਵਾਦੀ ਚੇਤਨਾ, ਪ੍ਰਗਤੀਵਾਦੀ ਚਿੰਤਨ,ਵਿਸ਼ਵੀਕਰਨ।

## ਭੂਮਿਕਾ

ਪੰਜਾਬੀ ਸਾਹਿਤ ਵਿੱਚ ਗ਼ਜ਼ਲ ਇੱਕ ਅਜਿਹੀ ਕਾਵਿ-ਵਿਧਾ ਹੈ ਜਿਸ ਨੇ ਸਮੇਂ ਦੇ ਨਾਲ ਆਪਣਾ ਵਿਸ਼ਾ ਅਤੇ ਅਭਿਵਿਅਕਤੀ ਦੋਵੇਂ ਵਧਾਏ ਹਨ। ਸ਼ੁਰੂਆਤੀ ਦੌਰ ਵਿੱਚ ਗ਼ਜ਼ਲ ਮੁੱਖ ਤੌਰ 'ਤੇ ਰੋਮਾਂਸ ਅਤੇ ਇਸ਼ਕ ਦੇ ਅਨੁਭਵਾਂ ਨਾਲ ਜੁੜੀ ਰਹੀ, ਪਰ ਆਧੁਨਿਕ ਸਮੇਂ ਵਿੱਚ ਇਸ ਵਿਧਾ ਨੇ ਸਮਾਜਿਕ ਅਤੇ ਮਨੁੱਖੀ ਮੁੱਦਿਆਂ ਨੂੰ ਵੀ ਆਪਣੇ ਅੰਦਰ ਸ਼ਾਮਲ ਕਰ ਲਿਆ ਹੈ। ਆਧੁਨਿਕ ਪੰਜਾਬੀ ਗ਼ਜ਼ਲ ਦੇ ਵਿਕਾਸ ਵਿੱਚ ਸੁਰਜੀਤ ਪਾਤਰ ਦੀ ਰਚਨਾਤਮਕ ਭੂਮਿਕਾ ਵਿਸ਼ੇਸ਼ ਮਹੱਤਤਾ ਰੱਖਦੀ ਹੈ। ਉਨ੍ਹਾਂ ਦਾ ਗ਼ਜ਼ਲ ਸੰਗ੍ਰਹਿ 'ਸੁਰਜ਼ਮੀਨ' ਆਧੁਨਿਕ ਪੰਜਾਬੀ ਗ਼ਜ਼ਲ ਦੀਆਂ ਸੰਵੇਦਨਾਵਾਂ ਨੂੰ ਸਮਝਣ ਲਈ ਇੱਕ ਮਹੱਤਵਪੂਰਨ ਰਚਨਾ ਹੈ। ਇਸ ਸੰਗ੍ਰਹਿ ਦੀਆਂ ਗ਼ਜ਼ਲਾਂ ਵਿੱਚ ਮਨੁੱਖੀ ਸੰਬੰਧਾਂ ਦੀ ਗਹਿਰਾਈ, ਸਮਾਜਿਕ ਯਥਾਰਥ ਅਤੇ ਆਧੁਨਿਕ ਯੁੱਗ ਦੀਆਂ ਉਲਝਣਾਂ ਦਾ ਸੁੰਦਰ ਚਿੱਤਰਨ ਮਿਲਦਾ ਹੈ। ਇਸ ਕਾਰਨ 'ਸੁਰਜ਼ਮੀਨ' ਨੂੰ ਸਿਰਫ਼ ਕਾਵਿ-ਸੌਂਦਰਯ ਦੇ ਪੱਧਰ 'ਤੇ ਹੀ ਨਹੀਂ, ਸਗੋਂ ਵਿਚਾਰਧਾਰਕ ਦ੍ਰਿਸ਼ਟੀ ਤੋਂ ਵੀ ਮਹੱਤਵਪੂਰਨ ਮੰਨਿਆ ਜਾਂਦਾ ਹੈ।

**ਵਿਚਾਰਧਾਰਕ ਪੱਖ**

'ਸੁਰਜ਼ਮੀਨ' ਦੀਆਂ ਗ਼ਜ਼ਲਾਂ ਵਿੱਚ ਸਭ ਤੋਂ ਪਹਿਲਾਂ ਜੋ ਗੱਲ ਨਜ਼ਰ ਆਉਂਦੀ ਹੈ ਉਹ ਮਨੁੱਖੀ ਸੰਵੇਦਨਾ ਹੈ। ਸੁਰਜੀਤ ਪਾਤਰ ਮਨੁੱਖ ਦੇ ਅੰਦਰਲੇ ਦਰਦ ਅਤੇ ਉਮੀਦਾਂ ਨੂੰ ਗਹਿਰਾਈ ਨਾਲ ਪ੍ਰਗਟ ਕਰਦਾ ਹੈ। ਉਸ ਦੀਆਂ ਗ਼ਜ਼ਲਾਂ ਵਿੱਚ ਪਿਆਰ, ਵਿਛੋੜਾ, ਉਡੀਕ ਅਤੇ ਮਿਲਾਪ ਜਿਹੇ ਭਾਵ ਮਿਲਦੇ ਹਨ, ਪਰ ਇਹ ਭਾਵ ਸਿਰਫ਼ ਨਿੱਜੀ ਨਹੀਂ ਰਹਿੰਦੇ; ਇਹ ਸਮਾਜਿਕ ਅਤੇ ਮਨੁੱਖੀ ਅਨੁਭਵਾਂ ਨਾਲ ਜੁੜ ਜਾਂਦੇ ਹਨ। ਇਸ ਸੰਗ੍ਰਹਿ ਵਿੱਚ ਪ੍ਰਗਤੀਵਾਦੀ ਸੋਚ ਦਾ ਵੀ ਪ੍ਰਭਾਵ ਮਿਲਦਾ ਹੈ। ਪਾਤਰ, ਸਮਾਜ ਵਿੱਚ ਮੌਜੂਦ ਅਨਿਆਂ ਅਤੇ ਅਸਮਾਨਤਾ ਪ੍ਰਤੀ ਸੰਵੇਦਨਸ਼ੀਲ ਹੈ। ਗ਼ਜ਼ਲਾਂ ਵਿੱਚ ਗਰੀਬ ਅਤੇ ਪੀੜਤ ਵਰਗ ਦੀ ਪੀੜਾ ਨੂੰ ਉਜਾਗਰ ਕੀਤਾ ਗਿਆ ਹੈ। ਇਹ ਗ਼ਜ਼ਲਾਂ ਪਾਠਕ ਨੂੰ ਸਿਰਫ਼ ਭਾਵਾਤਮਕ ਅਨੁਭਵ ਹੀ ਨਹੀਂ ਦਿੰਦੀਆਂ, ਸਗੋਂ ਉਸ ਨੂੰ ਸੋਚਣ ਲਈ ਵੀ ਮਜਬੂਰ ਕਰਦੀਆਂ ਹਨ।

ਇਸ ਤੋਂ ਇਲਾਵਾ 'ਸੁਰਜ਼ਮੀਨ' ਵਿੱਚ ਮਨੁੱਖਤਾਵਾਦੀ ਦ੍ਰਿਸ਼ਟੀ ਵੀ ਪ੍ਰਮੁੱਖ ਹੈ। ਮਨੁੱਖੀ ਸੰਬੰਧਾਂ ਵਿੱਚ ਪਿਆਰ, ਸਾਂਝੀਵਾਲਤਾ ਅਤੇ ਸਮਾਨਤਾ ਨੂੰ ਮਹੱਤਵ ਦਿੱਤਾ ਗਿਆ ਹੈ। ਇਸ ਤਰ੍ਹਾਂ ਇਹ ਗ਼ਜ਼ਲਾਂ ਮਨੁੱਖੀ ਮੁੱਲਾਂ ਦੀ ਰੱਖਿਆ ਦੀ ਗੱਲ ਕਰਦੀਆਂ ਹਨ ਅਤੇ ਇਸਦੇ ਨਾਲ ਹੀ ਮਨੁੱਖਤਾਵਾਦੀ ਦ੍ਰਿਸ਼ਟੀ ਨੂੰ ਵੀ ਪ੍ਰਮੁੱਖਤਾ ਨਾਲ ਦਰਸਾਇਆ ਗਿਆ ਹੈ। ਸੁਰਜੀਤ ਪਾਤਰ ਦੀਆਂ ਗ਼ਜ਼ਲਾਂ, ਮਨੁੱਖੀ ਸੰਬੰਧਾਂ ਵਿੱਚ ਪਿਆਰ, ਸਾਂਝੀਵਾਲਤਾ ਅਤੇ ਸਮਾਨਤਾ ਨੂੰ ਮਹੱਤਵ ਦਿੰਦੀਆਂ ਹੋਈਆਂ ਮਨੁੱਖੀ ਮੁੱਲਾਂ ਦੀ ਰੱਖਿਆ ਦੀ ਗੱਲ ਕਰਦੀਆਂ ਹਨ।

**ਸਮਾਜਿਕ ਯਥਾਰਥ ਅਤੇ ਵਿਸ਼ਵੀਕਰਨ**

ਆਧੁਨਿਕ ਸਮਾਜ ਵਿੱਚ ਵਿਸ਼ਵੀਕਰਨ ਅਤੇ ਬਾਜ਼ਾਰੀ ਸੰਸਕ੍ਰਿਤੀ ਨੇ ਮਨੁੱਖੀ ਜੀਵਨ ਨੂੰ ਗਹਿਰਾਈ ਨਾਲ ਪ੍ਰਭਾਵਿਤ ਕੀਤਾ ਹੈ। 'ਸੁਰਜ਼ਮੀਨ' ਦੀਆਂ ਗ਼ਜ਼ਲਾਂ ਵਿੱਚ ਇਸ ਪ੍ਰਕਿਰਿਆ ਦੇ ਸੰਕੇਤ ਮਿਲਦੇ ਹਨ। ਕਵੀ ਬਦਲਦੇ ਸਮਾਜ ਵਿੱਚ ਮਨੁੱਖੀ ਸੰਬੰਧਾਂ ਦੀ ਕਮਜ਼ੋਰੀ ਅਤੇ ਇਕੱਲੇਪਨ ਨੂੰ ਮਹਿਸੂਸ ਕਰਦਾ ਹੈ। ਗ਼ਜ਼ਲਾਂ ਵਿੱਚ ਕਈ ਥਾਵਾਂ 'ਤੇ ਇਹ ਅਹਿਸਾਸ ਮਿਲਦਾ ਹੈ ਕਿ ਆਧੁਨਿਕ ਮਨੁੱਖ ਆਪਣੇ ਆਲੇ-ਦੁਆਲੇ ਦੀ ਦੁਨੀਆ ਨਾਲੋਂ ਟੁੱਟਦਾ ਜਾ ਰਿਹਾ ਹੈ। ਇਸ ਸਥਿਤੀ ਵਿੱਚ ਕਵੀ ਮਨੁੱਖੀ ਮੁੱਲਾਂ ਦੀ ਮਹੱਤਤਾ ਨੂੰ ਉਭਾਰਦਾ ਹੈ ਅਤੇ ਪਾਠਕ ਨੂੰ ਸੰਵੇਦਨਸ਼ੀਲ ਬਣਨ ਲਈ ਪ੍ਰੇਰਿਤ ਕਰਦਾ ਹੈ।

**ਰੁਮਾਂਸਵਾਦੀ ਸਰੋਕਾਰ**

ਰੋਮਾਂਸ ਜਾਂ ਇਸ਼ਕ ਗ਼ਜ਼ਲ ਦੀ ਪ੍ਰਕਿਰਤੀ ਦਾ ਇੱਕ ਅਹਿਮ ਤੱਤ ਹੈ। ਇਸ ਦੇ ਬਿਨਾਂ ਗ਼ਜ਼ਲ ਦੀ ਅਭਿਵਿਅਕਤੀ ਅਧੂਰੀ ਜਾਪਦੀ ਹੈ। ਪ੍ਰਾਚੀਨ ਸਮੇਂ ਤੋਂ ਹੀ ਗ਼ਜ਼ਲ ਕਾਵਿ ਮਨੁੱਖੀ ਪ੍ਰੇਮ ਅਤੇ ਮੁਹੱਬਤ ਦੇ ਭਾਵਾਂ ਨੂੰ ਪ੍ਰਗਟ ਕਰਨ ਦਾ ਮਹੱਤਵਪੂਰਨ ਮਾਧਿਅਮ ਰਿਹਾ ਹੈ। ਪੰਜਾਬੀ ਦੇ ਪ੍ਰਸਿੱਧ ਸ਼ਾਇਰ ਸੁਰਜੀਤ ਪਾਤਰ ਵੀ ਮਾਨਵੀ ਮੁਹੱਬਤ ਦੇ ਕਵੀ ਹਨ। ਉਨ੍ਹਾਂ ਦੀਆਂ ਗ਼ਜ਼ਲਾਂ ਵਿੱਚ ਰੋਮਾਂਸ ਅਤੇ ਪ੍ਰੇਮ ਭਾਵਨਾ ਦਾ ਸੁੰਦਰ ਪ੍ਰਗਟਾਵਾ ਮਿਲਦਾ ਹੈ, ਜੋ ਉਨ੍ਹਾਂ ਦੀ ਕਾਵਿ ਪੁਸਤਕ "ਸੁਰਜ਼ਮੀਨ" ਵਿੱਚ ਵੀ ਸਪਸ਼ਟ ਤੌਰ 'ਤੇ ਦਿਸਦਾ ਹੈ। ਡਾ. ਗੁਰਚਰਨ ਸਿੰਘ ਔਲਖ ਦਾ ਵਿਚਾਰ ਹੈ:

"ਪਾਤਰ ਦੀ ਸੁਰਜ਼ਮੀਨ ਵਿਚਲੀ ਸ਼ਾਇਰੀ ਮਨੁੱਖੀ ਮੁਹੱਬਤ ਦੀ ਸ਼ਾਇਰੀ ਹੈ। ਮਨੁੱਖੀ ਸਾਂਝ, ਮਮਤਾ ਦੀ ਲਿਲਕ, ਸਰਬ-ਸਾਂਝੀਵਾਲਤਾ ਉਸਦੇ ਹਰ ਸ਼ਿਅਰ ਵਿਚ ਸਮੋਈ ਹੋਈ ਹੈ। ਉਹ ਹੁਸਨ ਦਾ ਸ਼ਾਇਰ ਹੈ ਪਰ ਇਹ ਹੁਸਨ ਤਨ ਤੱਕ ਨਹੀਂ ਮਨ ਤੱਕ ਫੈਲਿਆ ਹੋਇਆ ਹੈ। ਸੱਚਮੁੱਚ ਹੀ ਪਾਤਰ ਜ਼ਿੰਦਗੀ ਦਾ, ਮੁਹੱਬਤ ਦਾ, ਹਲੀਮੀ ਦਾ ਤੇ ਦਿਲ ਦਾ ਸ਼ਾਇਰ ਹੈ। ਸੁਰਜ਼ਮੀਨ ਨੂੰ ਪੜ੍ਹਨਾ ਸ਼ਬਦ ਦੇ ਸਿਮਰਨ ਵਾਂਗ ਹੈ, ਬਾਣੀ ਦੇ ਜਾਪ ਵਾਂਗ, ਅੰਤ ਪਿਆਰੇ ਦੇ ਸਾਥ ਦਾ ਨਿੱਘ ਤੇ ਮੋਹ ਮਾਣਨ ਵਾਲਾ ਅਨੁਭਵ ਹੁੰਦਾ ਹੈ ਸੁਰਜ਼ਮੀਨ ਦੀ ਸ਼ਾਇਰੀ 'ਚੋਂ।" [1]

ਸੁਰਜੀਤ ਪਾਤਰ ਪੁਰਾਣੀਆਂ ਕਦਰਾਂ ਕੀਮਤਾਂ ਦਾ ਤਿਆਗ ਕਰਕੇ ਪਿਆਰ ਦੀ ਪ੍ਰਕਿਰਤੀ ਨਾਲ ਜੁੜਨ ਦੀ ਗੱਲ ਕਰਦਾ ਹੈ ਅਤੇ ਪਿਆਰ ਨੂੰ ਵਧੇਰੇ ਮਹੱਤਵ ਦਿੰਦਾ ਹੋਇਆ ਸਮਾਜ ਦੀਆਂ ਖੋਖਲੀਆਂ ਮਰਿਆਦਾਵਾਂ ਦਾ ਵਿਰੋਧ ਕਰਦਾ ਹੈ। ਪਾਤਰ ਦੀ ਹਿਮਾਇਤ ਸਮਾਜਿਕ ਰੀਤ ਨਾਲ ਵਧੇਰੇ ਪ੍ਰੀਤ ਨਾਲ ਜੁੜੀ ਨਜ਼ਰ ਆਉਂਦੀ ਹੈ ਤੇ ਉਹ ਲਿਖਦਾ ਹੈ:

ਅਸਾਨੂੰ ਰੀਤ ਤੋਂ ਵੱਧ ਕੇ ਕਿਸੇ ਦੀ ਪ੍ਰੀਤ ਪਿਆਰੀ ਹੈ,
ਤੂੰ ਲਿਖ ਲੇਖਾ ਤੇ ਲਿਖ ਜਿੰਨੇ ਵੀ ਨੇ ਸਾਡੇ ਗੁਨਾਹ ਬਣਦੇ ।

ਜੇ ਰਾਂਝੇ ਨਾ ਵੀ ਹੁੰਦੇ ਤਾਂ ਵੀ ਨਾ ਬਣਦੇ ਅਸੀਂ ਕੈਦੋਂ,
ਅਸੀਂ ਜਾਂ ਨਾਥ ਹੁੰਦੇ ਜਾਂ ਅਸੀਂ ਲੁੱਡਣ ਮਲਾਹ ਬਣਦੇ। [2]

ਕਿਤੇ ਕਿਤੇ ਪਾਤਰ ਨਿਰਾਸ਼ਾ ਅਤੇ ਉਦਾਸੀ ਦੇ ਭਾਵ ਵੀ ਆਪਣੀ ਗ਼ਜ਼ਲਾਂ ਵਿੱਚ ਪਰੋਂਦਾ ਨਜ਼ਰ ਆਉਂਦਾ ਹੈ ਪਰ ਇਹਨਾਂ ਉਦਾਸੀ ਅਤੇ ਨਿਰਾਸ਼ਾ ਦੇ ਭਾਵਾਂ ਨੂੰ ਉਹ ਜੀਵਨ ਸਫ਼ਰ ਦਾ ਪੜਾਅ ਮੰਨਦਾ ਹੋਇਆ ਕਹਿੰਦਾ ਹੈ:

ਉਦਾਸ ਹੋਵੀਂ ਨਿਰਾਸ਼ ਹੋਵੀਂ,
ਜਾਂ ਦਿਲ 'ਚ ਕੋਈ ਮਲਾਲ ਰੱਖੀਂ

ਪਰ ਇਹ ਵੀ ਹੈ ਇੱਕ ਪੜਾਅ ਸਫ਼ਰ ਦਾ
ਤੂੰ ਇਸ ਗੱਲ ਦਾ ਖ਼ਿਆਲ ਰੱਖੀਂ। [3]

## ਪ੍ਰਗਤੀਵਾਦੀ ਸਰੋਕਾਰ

ਸੁਰਜੀਤ ਪਾਤਰ ਆਪਣੀਆਂ ਗ਼ਜ਼ਲਾਂ ਵਿੱਚ ਪ੍ਰਗਤੀਵਾਦੀ ਸਰੋਕਾਰਾਂ ਦੀ ਪ੍ਰੋੜਤਾ ਕਰਦਾ ਹੋਇਆ ਸਮਾਜਿਕ ਯਥਾਰਥ ਨੂੰ ਚੇਤਨ ਪੱਧਰ ਤੇ ਪੇਸ਼ ਕਰਦਾ ਹੈ। ਆਪਣੀ ਸ਼ਾਇਰੀ ਵਿੱਚ ਗਰੀਬ ਵਰਗ ਨੂੰ ਹੱਕਾਂ ਲਈ ਅਤੇ ਨਿਆਂ ਦੀ ਪ੍ਰਾਪਤੀ ਲਈ ਸੰਘਰਸ਼ ਤੇ ਕ੍ਰਾਂਤੀ ਲਈ ਜਾਗ੍ਰਿਤ ਕਰਦਾ ਹੈ। ਅਨਿਆਂ ਦੇ ਖ਼ਾਤਮੇ ਲਈ ਵਿਦਰੋਹ ਤੇ ਸੰਘਰਸ਼ ਨੂੰ ਜਰੂਰੀ ਮੰਨਦਾ ਹੋਇਆ ਉਹ ਗਰੀਬ ਅਤੇ ਸ਼ੋਸ਼ਿਤ ਵਰਗ ਦੇ ਮਨਾਂ ਵਿੱਚ ਚੇਤਨਾ ਪੈਦਾ ਕਰਦਾ ਹੋਇਆ ਕਹਿੰਦਾ ਹੈ

ਹਨੇਰਿਆਂ ਦਾ ਇਲਾਜ ਕੀ ਹੈ,
ਇਹ ਬੁਝ ਕੇ ਜੀਣਾ ਰਿਵਾਜ ਕੀ ਹੈ,
ਮਰਨ ਬਿਨਾ ਹੀ ਮਿਲੇਗਾ ਚਾਨਣ
ਇਹ ਆਸ ਦਿਲ ਵਿੱਚ ਕਦੀ ਨਾ ਰੱਖੀਂ। [4]

ਸੁਰਜੀਤ ਪਾਤਰ ਆਪਣੀ ਕਵਿਤਾ ਵਿੱਚ ਮੌਕਾਪ੍ਰਸਤ ਲਾਲਚੀ ਅਤੇ ਸਵਾਰਥੀ ਆਗੂਆਂ ਨੂੰ ਅਤੇ ਉਹਨਾਂ ਦੇ ਕਿਰਦਾਰ ਉੱਤੇ ਕਟਾਕਸ਼ ਕਰਦੇ ਹਨ ਅਤੇ ਕਹਿੰਦੇ ਹਨ ਕਿ ਵੋਟ ਸ਼ਕਤੀ ਸਦਕਾ ਕੁਰਸੀ ਅਤੇ ਤਖ਼ਤ ਇਹਨਾਂ ਨੂੰ ਮਿਲਦੀ ਹੈ ਅਤੇ ਇਹ ਲੋਕ ਕੁਰਸੀਆਂ ਤੇ ਤਖਤਾਂ ਨੂੰ ਹੀ ਸਲਾਮ ਕਰਦੇ ਹਨ ਪਰ ਜਿਹੜੇ ਲੋਕਾਂ ਸਦਕਾ ਇਹ ਸ਼ਕਤੀ ਹਾਸਲ ਕਰਦੇ ਹਨ ਬਾਅਦ ਵਿੱਚ ਉਹਨਾਂ ਲੋਕਾਂ ਉੱਪਰ ਹੀ ਅਨਿਆ ਕੀਤਾ ਜਾਂਦਾ ਹੈ ਇਸ ਦੇ ਸੰਬੰਧ ਵਿੱਚ ਸ਼ਿਅਰ ਦੇਖਿਆ ਜਾ ਸਕਦਾ ਹੈ:

ਨ ਤਾਂ ਕੁਰਸੀਆਂ ਨੂੰ ਨ ਤਖ਼ਤ ਨੂੰ
ਨ ਸਲੀਬ ਸਖ਼ਤ ਕੁਰਖ਼ਤ ਨੂੰ,
ਇਹ ਮਜ਼ਾਕ ਕਰਨ ਦਰਖ਼ਤ ਨੂੰ
ਬੜੇ ਸਮਝਦਾਰ ਨੇ ਮਸਖ਼ਰੇ [5]

ਅੱਜ ਦੇ ਪੂੰਜੀਵਾਦੀ ਸੰਸਾਰ ਨੂੰ ਪੱਥਰਾਂ ਦਾ ਸ਼ਹਿਰ ਕਹਿੰਦੇ ਹੋਏ ਸੁਰਜੀਤ ਪਾਤਰ ਅਨੁਸਾਰ ਇਸ ਪੱਥਰਾਂ ਦੇ ਸ਼ਹਿਰ ਵਿੱਚ ਰਹਿਣ ਵਾਲੇ ਮਨੁੱਖ ਆਪਣੀ ਮੂਲ ਪਛਾਣ ਗਵਾ ਚੁੱਕੇ ਹਨ ਅਤੇ ਉਦਾਸੀ ਦੁਵਿਧਾ ਅਤੇ ਇਕੱਲਤਾ ਦਾ ਸ਼ਿਕਾਰ ਹੋ ਰਹੇ ਹਨ। ਪੂੰਜੀ ਦੀ ਦੌੜ ਵਿੱਚ ਮਨੁੱਖ ਇਕੱਲਾ ਰਹਿ ਗਿਆ ਹੈ ਉਸਨੇ ਪੂੰਜੀ ਦੀ ਪ੍ਰਾਪਤੀ ਬੇਸ਼ੱਕ ਕਰ ਲਈ ਹੈ ਪਰ ਆਪਣਾ ਮਾਨਸਿਕ ਸਕੂਨ ਅਤੇ ਰਿਸ਼ਤਿਆਂ ਤੋਂ ਦੂਰ ਹੋ ਗਿਆ ਹੈ ਇਸ ਸੰਦਰਭ ਵਿੱਚ ਪਾਤਰ ਆਪਣੀਆਂ ਰਚਨਾਵਾਂ ਵਿੱਚ ਅਜੋਕੇ ਮਨੁੱਖ ਦੀ ਜ਼ਿੰਦਗੀ ਉੱਤੇ ਕਟਾਕਸ਼ ਕਰਦੇ ਹਨ:

ਹੁੰਦਾ ਸੀ ਇੱਥੇ ਸ਼ਖ਼ਸ ਇੱਕ ਸੱਚਾ ਕਿੱਧਰ ਗਿਆ
ਇਸ ਪੱਥਰਾਂ ਦੇ ਸ਼ਹਿਰ 'ਚੋਂ ਸ਼ੀਸ਼ਾ ਕਿੱਧਰ ਗਿਆ
ਸਭ ਨੀਰ ਗੰਧਲੇ, ਸ਼ੀਸ਼ੇ ਧੁੰਧਲੇ ਹੋਏ ਇਸ ਤਰ੍ਹਾਂ
ਹਰ ਸ਼ਖ਼ਸ ਪੁੱਛਦਾ ਏ, ਮੇਰਾ ਚਿਹਰਾ ਕਿੱਧਰ ਗਿਆ [6]

## ਰੂਪਾਤਮਕ ਵਿਸ਼ਲੇਸ਼ਣ

'ਸੁਰਜ਼ਮੀਨ' ਦੀਆਂ ਗ਼ਜ਼ਲਾਂ ਵਿੱਚ ਗ਼ਜ਼ਲ ਦੀ ਪਰੰਪਰਾਗਤ ਬਣਤਰ ਨੂੰ ਬੜੀ ਸੁਚੱਜੀ ਤਰ੍ਹਾਂ ਨਿਭਾਇਆ ਗਿਆ ਹੈ। ਛੰਦ ਅਤੇ ਲੈਅ ਦੀ ਸਹੀ ਵਰਤੋਂ ਗ਼ਜ਼ਲਾਂ ਨੂੰ ਸੰਗੀਤਮਈ ਬਣਾਉਂਦੀ ਹੈ। ਗ਼ਜ਼ਲ ਦੀ ਲੈਆਤਮਿਕਤਾ ਕਾਫ਼ੀਆ ਅਤੇ ਰਦੀਫ਼ ਦੀ ਵਰਤੋਂ ਨਾਲ ਹੋਰ ਮਜ਼ਬੂਤ ਬਣਦੀ ਹੈ। ਇਨ੍ਹਾਂ ਗ਼ਜ਼ਲਾਂ ਵਿੱਚ ਕਾਫ਼ੀਆ ਦੀ ਵਰਤੋਂ ਸੁੰਦਰਤਾ ਪੈਦਾ ਕਰਦੀ ਹੈ, ਜਦਕਿ ਰਦੀਫ਼ ਗ਼ਜ਼ਲ ਦੀ ਬਣਤਰ ਨੂੰ ਇੱਕ ਵਿਸ਼ੇਸ਼ ਲੈਅ ਦਿੰਦਾ ਹੈ। ਇਸ ਨਾਲ ਗ਼ਜ਼ਲ ਪੜ੍ਹਨ ਵਾਲੇ ਨੂੰ ਇੱਕ ਲਗਾਤਾਰ ਰਸਾਤਮਕ ਅਨੁਭਵ ਮਿਲਦਾ ਹੈ। ਭਾਸ਼ਾ ਦੇ ਪੱਖ ਤੋਂ ਵੇਖਿਆ ਜਾਵੇ ਤਾਂ 'ਸੁਰਜ਼ਮੀਨ' ਦੀ ਗ਼ਜ਼ਲਕਾਰੀ ਦਾ ਘੇਰਾ ਬਹੁਤ ਹੀ ਵਿਸ਼ਾਲ ਹੈ। ਪੰਜਾਬੀ ਦੇ ਨਾਲ-ਨਾਲ ਉਰਦੂ ਅਤੇ ਫ਼ਾਰਸੀ ਸ਼ਬਦਾਵਲੀ ਦੀ ਵਰਤੋਂ ਗ਼ਜ਼ਲਾਂ ਵਿੱਚ ਨਵੀਂ ਰੰਗਤ ਪੈਦਾ ਕਰਦੀ ਹੈ।

## ਨਿਸ਼ਕਰਸ਼

ਉਪਰੋਕਤ ਅਧਿਐਨ ਤੋਂ ਇਹ ਸਪਸ਼ਟ ਹੁੰਦਾ ਹੈ ਕਿ 'ਸੁਰਜ਼ਮੀਨ' ਦੀ ਗ਼ਜ਼ਲਕਾਰੀ ਵਿਚਾਰਧਾਰਕ ਅਤੇ ਰੂਪਾਤਮਕ ਦੋਹਾਂ ਪੱਖਾਂ ਤੋਂ ਮਹੱਤਵਪੂਰਨ ਹੈ। ਇਸ ਸੰਗ੍ਰਹਿ ਵਿੱਚ ਮਨੁੱਖੀ ਸੰਵੇਦਨਾ, ਸਮਾਜਿਕ ਚੇਤਨਾ ਅਤੇ ਆਧੁਨਿਕ ਯੁੱਗ ਦੇ ਸੰਕਟਾਂ ਦੀ ਗਹਿਰੀ ਅਭਿਵਿਅਕਤੀ ਮਿਲਦੀ ਹੈ। ਰੂਪਾਤਮਕ ਪੱਖ ਤੋਂ ਵੀ ਇਹ ਗ਼ਜ਼ਲਾਂ ਪਰੰਪਰਾਗਤ ਬਣਤਰ ਨੂੰ ਕਾਇਮ ਰੱਖਦੀਆਂ ਹਨ ਅਤੇ ਭਾਸ਼ਾਈ ਵਿਭਿੰਨਤਾ ਰਾਹੀਂ ਨਵੀਂ ਕਾਵਿ-ਸੰਵੇਦਨਾ ਪੈਦਾ ਕਰਦੀਆਂ ਹਨ। ਇਸ ਤਰ੍ਹਾਂ 'ਸੁਰਜ਼ਮੀਨ' ਦਾ ਆਧੁਨਿਕ ਪੰਜਾਬੀ ਗ਼ਜ਼ਲ ਵਿੱਚ ਇੱਕ ਮਹੱਤਵਪੂਰਨ ਸਥਾਨ ਹੈ।

## ਹਵਾਲੇ ਅਤੇ ਟਿੱਪਣੀਆਂ


1. ਡਾ. ਗੁਰਚਰਨ ਸਿੰਘ ਔਲਖ, **ਸੁਰਜੀਤ ਪਾਤਰ,** ਪੰਨੇ 193-194.
2. ਸੁਰਜੀਤ ਪਾਤਰ, **ਸੁਰਜ਼ਮੀਨ,** ਪੰਨਾ 26.
3. **ਉਹੀ,** ਪੰਨਾ 57.
4. **ਉਹੀ,** ਪੰਨਾ 17.
5. **ਉਹੀ,** ਪੰਨਾ 18.
6. **ਉਹੀ,** ਪੰਨਾ 24.